# ਜਾਣ-ਪਛਾਣ

ਵਾਸ਼ਿੰਗਟਨ, ਡੀ. ਸੀ, ਆਰਲਿੰਗਟਨ ਨੈਸ਼ਨਲ ਸੀਮੈਟਰੀ ਵਿਚ, ਇਕ ਪਹਾੜ ਦੇ ਉੱਪਰੋ ਖੜ੍ਹੇ ਹੋ ਕੇ ਇਕ ਸਮਾਰਕ ਨਜ਼ਰ ਆਉਂਦਾ ਹੈ ਜੋ ਕਿ "ਟੂੰਬ ਆਫ਼ ਦਿ ਅਨਨੋਨ ਸੋਲਜਰ" ਵਜੋਂ ਜਾਣਿਆ ਜਾਂਦਾ ਹੈ। ਉਸ ਕਬਰ ਵਿਚ ਇਕ ਅਣਪਛਾਤੇ ਅਮਰੀਕੀ ਸਿਪਾਹੀ ਦੀ ਲਾਸ਼ ਪਈ ਹੋਈ ਹੈ ਜਿਹੜਾ ਪਹਿਲੇ ਵਿਸ਼ਵ ਯੁਧ ਵਿਚ ਮਾਰਿਆ ਗਿਆ ਸੀ। ਉਸ ਸਮਾਰਕ ਤੇ ਇਹ ਲਿਖਿਆ ਹੋਇਆ ਹੈ:

ਇੱਥੇ ਇਕ ਪ੍ਰਤਿਸ਼ਠਤ ਅਮਰੀਕੀ ਸਿਪਾਹੀ ਦਾ
ਸਰੀਰ ਅਰਾਮ ਕਰ ਰਿਹਾ ਹੈ
ਜਿਸ ਨੂੰ ਪਰਮੇਸ਼ੁਰ ਤੋਂ ਇਲਾਵਾ ਕੋਈ ਨਹੀਂ ਜਾਣਦਾ।

ਨਵੇਂ ਨੇਮ ਵਿਚ, ਸਾਡੇ ਕੋਲ ਸਲੀਬ ਦਾ ਇਕ ਅਗਿਆਤ ਸਿਪਾਹੀ ਜਿਸ ਦਾ ਨਾਮ "ਤੀਤੁਸ" ਸੀ। ਪੌਲੁਸ ਨੇ ਉਸ ਨੂੰ "ਮੇਰਾ ਸਾਥੀ ਅਤੇ ਮੇਰੇ ਨਾਲ ਕੰਮ ਕਰਨ ਵਾਲਾ" ਆਖਿਆ (2 ਕੁਰਿੰਥੀਆਂ 8:23), ਪਰ ਪੌਲੁਸ ਦੇ ਕੰਮ ਦੇ ਸਿਲਸਿਲੇ ਵਿਚ ਰਸੂਲਾਂ ਦੇ ਕਰਤੱਬ ਵਿਚ ਉਸ ਦਾ ਕੋਈ ਜ਼ਿਕਰ ਨਹੀਂ ਹੈ। ਵਿਲੀਅਮ ਐਮ. ਰਾਮਸੇ ਨੇ ਉਸ ਨੂੰ "ਮੁਢਲੇ ਮਸੀਹੀ ਇਤਹਾਸ ਦੀ ਇਕ ਰਹੱਸਮਈ ਸ਼ਖਸੀਅਤ" ਆਖਿਆ ਸੀ।[1]

ਉਸ ਨੂੰ ਲਿਖਿਆ ਗਿਆ ਪੱਤਰ ਵੀ ਤੁਲਨਾਤਮਕ ਰੂਪ ਵਿਚ ਅਗਿਆਤ ਹੈ। 2 ਤਿਮੋਥਿਉਸ ਅਤੇ ਫਿਲੇਮੋਨ ਵਿਚਕਾਰ ਦੱਬੀ, ਤੀਤੁਸ ਦੀ ਪੁਸਤਕ ਅਕਸਰ "ਪਰਛਾਵਿਆਂ ਵਿਚ ਗੁਆਚ ਜਾਂਦੀ ਹੈ।"[2] ਪਰ, ਜਦੋਂ ਅਸੀਂ ਇਸ ਤੇ ਗੌਰ ਨਾਲ ਨਜ਼ਰ ਮਾਰਦੇ ਹਾਂ, ਅਸੀਂ ਵੇਖਦੇ ਹਾਂ ਕਿ ਇਸ ਵਿਚ ਹੋਰ ਕਿਸੇ ਵੀ ਪੱਤਰ ਨਾਲੋਂ ਵੱਧ ਲੋਕਾਂ ਦੇ ਵੱਖ-ਵੱਖ ਸਮੂਹਾਂ ਦੇ ਲਈ ਇਸ ਸੰਬੰਧੀ ਜ਼ਿਆਦਾ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਨੇ ਮਸੀਹੀ ਹੁੰਦੇ ਹੋਏ ਆਪਣਾ ਜੀਵਨ ਕਿਵੇਂ ਬਤੀਤ ਕਰਨਾ ਹੈ। ਹਾਲਾਂਕਿ ਇਹ ਪੱਤਰ ਬਹੁਤ ਛੋਟਾ ਹੈ, ਪਰ ਹੈਰਾਨੀ ਵਾਲੀ ਗੱਲ ਹੈ ਕਿ ਇਹ ਪੱਤਰ ਬਹੁਤ ਹੀ ਵਿਸਤ੍ਰਿਤ ਹੈ।[3] ਅਸੀਂ ਇਹੋ ਜਿਹੇ ਸਵਾਲਾਂ ਨਾਲ ਸ਼ੁਰੂਆਤ ਕਰਾਂਗੇ ਕਿ "ਕੌਣ?"; "ਕਿੱਥੇ?"; "ਕਦੋਂ?"; "ਕਿਉਂ?" ਅਤੇ "ਕੀ?"

## ਕੌਣ?

ਪੌਲੁਸ ਨੇ ਇਹ ਪੱਤਰ "ਤੀਤੁਸ ਨੂੰ ਜਿਹੜਾ ਨਿਹਚਾ ਦੀ ਸਾਂਝ ਵਿੱਚ ਮੇਰਾ ਸੱਚਾ ਬੱਚਾ ਹੈ" (1:4) ਸੰਬੋਧਿਤ ਕੀਤਾ। ਇਹ ਤੀਤੁਸ ਕੌਣ ਸੀ? ਉਸ ਦੇ ਬਾਰੇ ਜੋ ਵੀ ਜਾਣਕਾਰੀ ਹੈ ਸੀਮਿਤ ਹੈ, ਪਰ ਜੋ ਸਾਡੇ ਕੋਲ ਉਸ ਦੇ ਬਾਰੇ ਜੋ ਵੀ ਥੋੜ੍ਹੀ ਬਹੁਤ ਜਾਣਕਾਰੀ ਹੈ ਉਹ ਬਹੁਤ ਪ੍ਰਭਾਵਸ਼ਾਲੀ ਹੈ।

ਅਸੀਂ ਜਾਣਦੇ ਹਾਂ ਕਿ ਤੀਤੁਸ ਇਕ ਯੂਨਾਨੀ ਵਿਅਕਤੀ ਸੀ (ਗਲਾਤੀਆਂ 2:3), ਪਰ ਸਾਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਉਸ ਦੇ ਨਾਮ ਦਾ ਕੀ ਅਰਥ ਹੈ। ਕੁਝ ਇਸ ਨੂੰ ਦਾਨਵਾਂ ਨਾਲ ਜੋੜਦੇ ਹਨ (ਯੂਨਾਨੀ ਮਿਥਿਹਾਸ ਵਿਚ, ਦਿਓ ਜਿਹੜੇ ਧਰਤੀ ਉੱਤੇ ਤਦ ਤੱਕ ਰਾਜ ਕਰਦੇ ਸਨ ਜਦੋਂ ਤੱਕ ਉਨ੍ਹਾਂ ਨੂੰ ਓਲੰਪਿਅਨ ਦੇਵਤਿਆਂ ਦੁਆਰਾ ਨਹੀਂ ਸੀ ਹਰਾਇਆ ਗਿਆ); ਉਹ ਸੋਚਦੇ ਹਨ ਕਿ

ਇਹ ਨਾਮ “ਦਿਓ” ਨਾਲ ਸਮਕਾਲੀ ਹੈ। ਕੁਝ ਕਹਿੰਦੇ ਹਨ ਕਿ ਇਹ ਨਾਮ ਉਸ ਦਾ ਵਰਣਨਾਤਮਕ ਹੈ ਜਿਹੜਾ “ਆਦਰਯੋਗ” ਜਾਂ “ਸੁਹਾਵਣਾ” ਹੈ। “ਤੀਤੁਸ” ਰੋਮ ਦੇ ਸਮਰਾਟ ਦਾ ਵੀ ਨਾਮ ਸੀ (79-81 ਈਸਵੀ)।

ਪੌਲੁਸ ਨੇ ਤੀਤੁਸ ਨੂੰ “ਨਿਹਚਾ ਦੀ ਸਾਂਝ ਵਿੱਚ ਮੇਰਾ ਸੱਚਾ ਬੱਚਾ” ਆਖਿਆ, ਜੋ ਕਿ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਉਸ ਨੇ ਤੀਤੁਸ ਨੂੰ ਸਿੱਖਿਆ ਅਤੇ ਬਪਤਿਸਮਾ ਦਿੱਤਾ ਸੀ। ਜਦੋਂ ਦਾ ਅਸੀਂ ਉਸ ਦੇ ਬਾਰੇ ਪਹਿਲੀ ਵਾਰ ਪੜ੍ਹਿਆ ਸੀ, ਉਹ ਅੰਤਾਕਿਯਾ ਵਿਚ ਸੀ;[4] ਸ਼ਾਇਦ ਉਹ ਥਾਂ ਜਿੱਥੇ ਪੌਲੁਸ ਉਸ ਨੂੰ ਮਿਲਿਆ ਸੀ ਅਤੇ ਉਸ ਨੂੰ ਸਿੱਖਿਆ ਦਿੱਤੀ ਸੀ। ਬੇਸ਼ੱਕ, ਇਹ ਇਕ ਹੋਰ ਸ਼ਹਿਰ ਹੋ ਸਕਦਾ ਹੈ ਜਿੱਥੇ ਪੌਲੁਸ ਗਿਆ ਸੀ।

ਕਿਤੇ ਨਾ ਕਿਤੇ ਜਾ ਕੇ, ਤੀਤੁਸ ਪੌਲੁਸ ਦੇ ਨਾਲ ਸਫ਼ਰ ਕਰਨ ਵਾਲਾ ਉਸ ਦਾ ਇਕ ਸਾਥੀ ਬਣਿਆ ਸੀ (ਵੇਖੋ 2 ਕੁਰਿੰਥੀਆਂ 2:13; 7:6; 8:6, 23; 12:18)। ਇਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਲੂਕਾ ਨੇ ਰਸੂਲਾਂ ਦੇ ਕਰਤੱਬ ਵਿਚ ਉਸ ਦਾ ਜ਼ਿਕਰ ਕਿਉਂ ਨਹੀਂ ਸੀ ਕੀਤਾ। ਕਈਆਂ ਦਾ ਮੰਨਣਾ ਹੈ ਕਿ ਉਹ ਲੂਕਾ ਦਾ ਭਰਾ ਜਾਂ ਹੋਰ ਨਜ਼ਦੀਕੀ ਰਿਸ਼ਤੇਦਾਰ ਸੀ ਅਤੇ ਇਹ ਕਿ ਲੂਕਾ ਨੇ ਲਾਜ਼ ਜਾਂ ਸੰਗ ਦੇ ਕਾਰਨ ਉਸ ਦਾ ਨਾਮ ਕਿਤੇ ਨਹੀਂ ਲਿਆ।[5] ਪਰ, ਸ਼ਾਇਦ ਲੂਕਾ ਉਸ ਦਾ ਨਾਮ ਲਿਖਣਾ ਇਸ ਲਈ ਭੁੱਲ ਗਿਆ ਸੀ ਕਿਉਂਕਿ ਉਹ ਮੁੱਖ ਘਟਨਾਵਾਂ ਅਤੇ ਮੁੱਖ ਚਰਿੱਤਰਾਂ ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਸੀ।

ਤੀਤੁਸ ਬਾਰੇ ਚਰਚਾ ਕਰਦਿਆਂ, ਤਿਮੋਥਿਉਸ ਨਾਲ ਇਕ ਤੁਲਨਾ ਲਾਜ਼ਮੀ ਹੈ। ਦੋਵੇਂ ਸ਼ਾਇਦ ਪੌਲੁਸ ਦੇ ਦੁਆਰਾ ਮਸੀਹ ਵਿਚ ਆਏ ਸਨ (1 ਤਿਮੋਥਿਉਸ 1:2 ਅਤੇ ਤੀਤੁਸ 1:4 ਦੀ ਤੁਲਨਾ ਕਰੋ), ਪਰ ਤੀਤੁਸ ਸ਼ਾਇਦ ਤਿਮੋਥਿਉਸ ਨਾਲੋਂ ਥੋੜ੍ਹਾ ਜਿਹਾ ਉਮਰ ਵਿਚ ਵੱਡਾ ਹੋਵੇਗਾ (1 ਤਿਮੋਥਿਉਸ 4:12 ਅਤੇ ਤੀਤੁਸ 2:6-8 ਦੀ ਤੁਲਨਾ ਕਰੋ)। ਇਸ ਤਰ੍ਹਾਂ ਪ੍ਰਤੀਤ ਨਹੀਂ ਹੁੰਦਾ ਕਿ ਉਸ ਨੂੰ ਉਹ ਸਿਹਤ ਸਮੱਸਿਆਵਾਂ ਸਨ ਜੋ ਤਿਮੋਥਿਉਸ ਨੂੰ ਸਨ (1 ਤਿਮੋਥਿਉਸ 5:23)। ਇਕ ਪਰਚਾਰਕ ਨੇ ਉਨ੍ਹਾਂ ਨੂੰ “ਡਰਪੋਕ ਤਿਮੋਥਿਉਸ” ਅਤੇ “ਮਜਬੂਤ ਤੀਤੁਸ” ਵਜੋਂ ਵਰਣਨ ਕੀਤਾ ਸੀ।[6]

ਤੀਤੁਸ ਨੂੰ ਕਈ ਵਾਰ “ਪੌਲੁਸ ਦਾ ਸਮੱਸਿਆ-ਨਿਵਾਰਕ” ਕਿਹਾ ਗਿਆ ਹੈ। ਬਾਈਬਲ ਵਿਚ ਉਸ ਦੀ ਭੂਮਿਕਾ ਸੰਬੰਧੀ, ਤੀਤੁਸ ਦਾ ਕੁਝ ਹੀ ਵਾਰ ਜ਼ਿਕਰ ਕੀਤਾ ਗਿਆ ਹੈ, ਇਹ ਹਮੇਸ਼ਾ ਤਨਾਅ ਭਰੇ ਹਾਲਾਤ ਹਨ। ਅਸੀਂ ਪਹਿਲੀ ਅਜਿਹੀ ਹਾਲਤ ਬਾਰੇ ਗਲਾਤੀਆਂ 2 ਵਿਚ ਪੜ੍ਹਦੇ ਹਾਂ।[7] ਯਰੂਸ਼ਲਮ ਤੋਂ ਆਏ ਯਹੂਦੀ ਉਪਦੇਸ਼ਕ ਪਰਚਾਰ ਕਰ ਰਹੇ ਸਨ, “ਉਨ੍ਹਾਂ [ਪਰਾਈਆਂ ਕੌਮਾਂ] ਦੀ ਸੁੰਨਤ ਕਰਨੀ ਅਤੇ ਮੂਸਾ ਦੀ ਸ਼ਰਾ ਨੂੰ ਮੰਨਣ ਦਾ ਹੁਕਮ ਦੇਣਾ ਚਾਹੀਦਾ ਹੈ” (ਰਸੂਲਾਂ ਦੇ ਕਰਤੱਬ 15:5; ਵੇਖੋ ਗਲਾਤੀਆਂ 2:4)। ਮੁਢਲੀ ਕਲੀਸੀਆ ਦੇ ਇਤਹਾਸ ਵਿਚ ਇਕ ਇਹ ਮਹੱਤਵਪੂਰਣ ਪਲ ਸੀ। ਜੇਕਰ ਇਸ ਗਲਤੀ ਨੂੰ ਨਾ ਸੁਧਾਰਿਆ ਜਾਂਦਾ, ਤਾਂ ਕਲੀਸੀਆ ਯਹੂਦੀ ਵਿਸ਼ਵਾਸ ਦਾ ਇਕ ਕਮਜ਼ੋਰ ਉਪਕਰਨ ਬਣ ਸਕਦੀ ਸੀ। ਪੌਲੁਸ ਯਰੂਸ਼ਲਮ ਨੂੰ ਚੱਲ ਪਿਆ ਅਤੇ ਉਹ ਆਪਣੇ ਨਾਲ ਤੀਤੁਸ ਨੂੰ ਵੀ ਲੈ ਗਿਆ ਜੋ ਕਿ ਪਰਾਈ ਕੌਮ ਵਿੱਚੋਂ ਮਸੀਹੀ ਬਣਿਆ ਸੀ ਜਿਸ ਨੂੰ ਪਰਮੇਸ਼ੁਰ ਦੀ ਕਲੀਸੀਆ ਦਾ ਮਹੱਤਵਪੂਰਣ ਅੰਗ ਬਣਨ ਦੇ ਲਈ ਨਾ ਤਾਂ ਸੁੰਨਤ ਦੀ ਲੋੜ ਸੀ ਅਤੇ ਨਾ ਹੀ ਕਿਸੇ ਯਹੂਦੀ ਰੀਤ ਨੂੰ ਮੰਨਣ ਦੀ (ਗਲਾਤੀਆਂ 2:1)।

ਅਸੀਂ ਸਿਰਫ ਕਲਪਨਾ ਕਰ ਸਕਦੇ ਹਾਂ ਕਿ ਤੀਤੁਸ ਨੂੰ ਉਨ੍ਹਾਂ ਦੁਆਰਾ ਕਿਵੇਂ ਜਾਂਚਿਆ ਗਿਆ ਸੀ ਜਿਹੜੇ ਇਸ ਗੱਲ ਤੇ ਜ਼ੋਰ ਦੇ ਰਹੇ ਸਨ ਕਿ ਪਰਮੇਸ਼ੁਰ ਦੀ ਸੱਚੀ ਸੰਤਾਨ ਬਣਨ ਦੇ ਲਈ ਸ਼ਰਾ ਦੀ ਪਾਲਣਾ ਜ਼ਰੂਰੀ ਸੀ। ਯਹੂਦੀ ਲੋਕਾਂ ਨੇ ਤੀਤੁਸ ਤੇ ਬਹੁਤ ਦਬਾਅ ਪਾਇਆ ਹੋਵੇਗਾ। ਪਰ, ਪੌਲੁਸ, ਇਹ ਜਾਣਕਾਰੀ ਦੇਣ ਦੇ ਯੋਗ ਸੀ ਕਿ “ਅਸੀਂ ਇੱਕ ਘੜੀ ਵੀ ਅਧੀਨ ਹੋ ਕੇ ਓਹਨਾਂ ਦੇ ਵੱਸ

ਵਿੱਚ ਨਾ ਆਏ" (ਗਲਾਤੀਆਂ 2:5)। ਤੀਤੁਸ ਨੂੰ "... ਧੱਕੋ ਧੱਕੀ ਸੁੰਨਤੀ ਨਾ ਬਣਾਇਆ ਗਿਆ" (ਗਲਾਤੀਆਂ 2:3)।

ਇਕ ਹੋਰ ਤਨਾਅ ਭਰਿਆ ਮਾਹੌਲ ਜਿਸ ਦੇ ਲਈ ਮਜ਼ਬੂਤ ਅਗਵਾਈ ਦੀ ਲੋੜ ਸੀ, ਦੁਸ਼ਟ ਕੁਰਿੰਥੁਸ ਸੀ ਜਿੱਥੇ ਮੰਡਲੀ ਨਾਲ ਜੁੜੇ ਸੰਕਟ ਸਿਖਰ ਤੇ ਸਨ। ਪੌਲੁਸ ਨੇ "ਕੁਰਿੰਥੁਸ ਵਿਚ ਮੁਸ਼ਕਲ ਅਤੇ ਨਾਜ਼ੁਕ ਹਾਲਤ" ਨਾਲ ਨਜਿੱਠਣ ਦੇ ਲਈ ਕਿਸ ਤੇ ਭਰੋਸਾ ਕੀਤਾ?[8] ਤੀਤੁਸ ਤੇ (2 ਕੁਰਿੰਥੀਆਂ 12:18)।[9] ਪੌਲੁਸ ਇੰਨਾ ਜ਼ਿਆਦਾ ਚਿੰਤਤ ਸੀ ਕਿ ਜਦੋਂ ਉਸ ਨੇ ਤੀਤੁਸ ਦੇ ਪਰਤਣ ਦੀ ਉਡੀਕ ਕੀਤੀ, ਤਾਂ ਉਸ ਨੂੰ ਆਪਣੇ ਪਰਚਾਰ ਅਤੇ ਸਿੱਖਿਆ ਤੇ ਧਿਆਨ ਲਗਾਉਣਾ ਮੁਸ਼ਕਲ ਲੱਗਾ (2 ਕੁਰਿੰਥੀਆਂ 2:12, 13)। ਅੰਤ ਵਿਚ, ਤੀਤੁਸ ਚੰਗੀ ਖ਼ਬਰ ਲੈ ਕੇ ਪਰਤਿਆ; ਪੌਲੁਸ ਦਾ ਉਸ ਤੇ ਭਰੋਸਾ ਕਰਨਾ ਬਿਲਕੁਲ ਜਾਇਜ਼ ਠਹਿਰਿਆ (2 ਕੁਰਿੰਥੀਆਂ 7:5-16)।[10] ਕੁਝ ਲੋਕ ਬੁਰੀਆਂ ਗੱਲਾਂ ਨੂੰ ਹੋਰ ਬੱਦਤਰ ਬਣਾ ਦਿੰਦੇ ਹਨ; ਤੀਤੁਸ ਵਰਗੇ ਕੁਝ ਲੋਕ ਉਨ੍ਹਾਂ ਨੂੰ ਬਿਹਤਰ ਬਣਾਉਣ ਦੇ ਯੋਗ ਹੁੰਦੇ ਹਨ।

ਵਿਲੀਅਮ ਬਾਰਕਲੇਅ ਨੇ ਤੀਤੁਸ ਦਾ ਉਸ ਸਹਿਕਰਮੀ ਦੇ ਰੂਪ ਵਿਚ ਵਰਣਨ ਕੀਤਾ ਜਿਹੜਾ "ਕਿਸੇ ਵੀ ਤਰ੍ਹਾਂ ਦੇ ਮੌਸਮ ਵਿਚ ਤੁਹਾਡੇ ਨਾਲ ਜਾਵੇਗਾ।"[11] ਪੌਲੁਸ ਇਸ ਜਵਾਨ ਖੁਸ਼ਖ਼ਬਰੀ ਪਰਚਾਰਕ ਦੀ ਬਹੁਤ ਕਦਰ ਕਰਦਾ ਸੀ। ਉਸ ਨੇ ਉਹ ਨੂੰ "ਨਿਹਚਾ ਦੀ ਸਾਂਝ ਵਿੱਚ ਮੇਰਾ ਸੱਚਾ ਬੱਚਾ" (1:4), ਪਰਮੇਸ਼ੁਰ ਦੇ ਪਰਿਵਾਰ ਵਿਚ ਉਸ ਦਾ "ਭਾਈ" (2 ਕੁਰਿੰਥੀਆਂ 2:13) ਅਤੇ ਪ੍ਰਭੂ ਵਿਚ ਉਸ "ਸਾਥੀ ਅਤੇ ਨਾਲ ਕੰਮ ਕਰਨਾ ਵਾਲਾ" (2 ਕੁਰਿੰਥੀਆਂ 8:23) ਕਹਿ ਕੇ ਬੁਲਾਇਆ।

ਨਵੇਂ ਨੇਮ ਵਿਚ ਤੀਤੁਸ ਦਾ ਇਕ ਵਾਰ ਹੋਰ ਜ਼ਿਕਰ ਕੀਤਾ ਗਿਆ ਹੈ। 2 ਤਿਮੋਥਿਉਸ 4:10 ਵਿਚ, ਅਸੀਂ ਪੜ੍ਹਿਆ ਹੈ ਕਿ ਉਹ ਦਲਮਾਤਿਯਾ ਵਿਚ ਸੀ, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਹ ਇਕ ਹੋਰ ਮੁਸ਼ਕਲ ਮਿਸ਼ਨ ਤੇ ਪੌਲੁਸ ਦੁਆਰਾ ਭੇਜਿਆ ਗਿਆ ਸੀ। ਪੌਲੁਸ ਨੇ ਸੰਭਵ ਤੌਰ ਤੇ ਤੀਤੁਸ ਨੂੰ ਹੋਰ ਵੀ ਕਈ ਮੁਸ਼ਕਲ ਕੰਮ ਦਿੱਤੇ ਹੋਣਗੇ, ਪਰ ਉਹ ਜਿਸ ਦਾ ਉਸ ਨੇ ਕਰੇਤੀ ਦੇ ਟਾਪੂ ਤੇ ਸਾਹਮਣਾ ਕੀਤਾ ਸੀ ਉਸ ਨਾਲੋਂ ਜ਼ਿਆਦਾ ਚੁਣੌਤੀਪੂਰਣ ਹੋਰ ਕੋਈ ਨਹੀਂ ਰਿਹਾ ਹੋਵੇਗਾ। ਪੁਰਾਤਨ ਰਵਾਇਤ ਦੇ ਅਨੁਸਾਰ, ਉਹ ਆਪਣੀ ਬਜ਼ੁਰਗੀ ਅਵਸਥਾ ਵਿਚ ਕਰੇਤੀ ਵਿਚ ਵਾਪਸ ਆ ਗਿਆ ਅਤੇ ਚਰਾਨਵੇ ਸਾਲ ਦੀ ਉਮਰ ਵਿਚ ਉੱਥੇ ਦਫ਼ਨਾਇਆ ਗਿਆ। ਬਾਅਦ ਵਾਲੀ ਰਵਾਇਤ ਕਹਿੰਦੀ ਹੈ ਕਿ ਤੀਤੁਸ ਕਰੇਤੀ ਵਿਚ ਪਹਿਲਾ "ਬਿਸ਼ਪ" ਸੀ,[12] ਪਰ ਇਹ ਰਵਾਇਤ ਭਰੋਸੇਯੋਗ ਨਹੀਂ ਹੈ।

## ਕਿੱਥੇ? ਅਤੇ ਕਦੋਂ?

ਤੀਤੁਸ ਨੂੰ ਲਿਖੇ ਗਏ ਆਪਣੇ ਪੱਤਰ ਦੀਆਂ ਸ਼ੁਰੂਆਤੀ ਲਾਈਨਾਂ ਵਿਚ, ਪੌਲੁਸ ਨੇ ਆਖਿਆ, "ਮੈਂ ਤੈਨੂੰ ਇਸ ਨਮਿੱਤ ਕਰੇਤ ਵਿੱਚ ਛੱਡਿਆ ਸੀ" (1:5)। ਕਰੇਤ ਇਕ ਟਾਪੂ ਹੈ ਜੋ ਕਿ 156 ਮੀਲ ਲੰਬਾ (ਪੂਰਬ ਤੋਂ ਲੈ ਕੇ ਪੱਛਮ ਤੱਕ) ਅਤੇ 8 ਤੋਂ 35 ਮੀਲ ਚੌੜਾ (ਉੱਤਰ ਤੋਂ ਦੱਖਣ ਵੱਲ) ਹੈ। ਇਹ ਭੂਮੱਧ ਸਾਗਰ ਵਿਚ ਸਥਿਤ ਹੈ, ਜੋ ਕਿ ਯੂਨਾਨ ਅਤੇ ਤੁਰਕੀ ਦੇ ਦੱਖਣ ਵਿਚ ਹੈ। ਨਵੇਂ ਨੇਮ ਵਿਚ ਕਰੇਤ ਬਾਰੇ ਦਿੱਤੇ ਗਏ ਕੁਝ ਹਵਾਲਿਆਂ ਵਿੱਚੋਂ ਇਕ ਹਵਾਲਾ ਰਸੂਲਾਂ ਦੇ ਕਰਤੱਬ 27 ਵਿਚ ਹੈ। ਰੋਮ ਨੂੰ ਜਾਂਦਿਆਂ ਪੌਲੁਸ ਦੇ ਸਫ਼ਰ ਵਿਚ, ਉਸ ਦਾ ਜਹਾਜ਼ ਸੁਰੱਖਿਆ ਦੀ ਤਲਾਸ਼ ਵਿਚ ਟਾਪੂ ਤੇ ਰੁਕਿਆ ਅਤੇ ਉਸ ਨੇ ਸੁੰਦਰ ਘਾਟ ਨਾਮੇ ਇਕ ਬੰਦਰਗਾਹ ਤੇ ਕੁਝ ਸਮਾਂ ਬਿਤਾਇਆ (ਰਸੂਲਾਂ ਦੇ ਕਰਤੱਬ 27:7, 8)। ਕਿਉਂਕਿ ਪੌਲੁਸ ਨੂੰ ਉਸ ਦੇ ਮਿੱਤਰਾਂ ਕੋਲ ਜਾਣ ਦੇ ਲਈ ਸੈਦਾ ਵਿਚ ਉਤਰਨ ਦਿੱਤਾ ਗਿਆ (ਰਸੂਲਾਂ ਦੇ ਕਰਤੱਬ 27:3), ਸ਼ਾਇਦ ਉਸ ਨੂੰ ਸੁੰਦਰ ਘਾਟ ਤੇ ਵੀ ਇਹੋ ਜਿਹੀ ਮਹਿਮਾਨ ਨਵਾਜ਼ੀ ਮਿਲੀ ਸੀ। ਸ਼ਾਇਦ ਇਹ ਉਦੋਂ ਹੋਇਆ ਜਦੋਂ ਉਹ ਕਰੇਤ ਵਿਚ ਮਸੀਹੀ

ਲੋਕਾਂ ਨੂੰ ਮਿਲਿਆ। ਸ਼ਾਇਦ ਇਹ ਕਰੇਤ ਦੀ ਕਲੀਸੀਆ ਵਿਚ ਪੌਲੁਸ ਦੀ ਰੁਚੀ ਦੀ ਸ਼ੁਰੂਆਤ ਵੀ ਹੋਵੇਗੀ ਜਿਸ ਨੇ ਬਾਅਦ ਵਿਚ ਉਸ ਨੂੰ ਉੱਥੇ ਜਾਣ ਦੇ ਲਈ ਪ੍ਰੇਰਿਤ ਕੀਤਾ।

ਇਤਹਾਸਕ ਤੌਰ ਤੇ, ਭੂਮੱਧ ਸਾਗਰ ਵਿਚ ਕਰੇਤ ਦੀ ਰਣਨੀਤਕ ਸਥਿਤੀ ਦੇ ਕਾਰਣ, ਇਸ ਨੇ ਵੱਡੀ ਖੁਸ਼ਹਾਲੀ ਦੇ ਸਮੇਂ ਵੇਖੇ ਸਨ; ਪਰ ਨਵੇਂ ਨੇਮ ਦੇ ਸਮਿਆਂ ਤੱਕ ਕਰੇਤ ਦੇ ਲੋਕ ਉਸ ਸਮੇਂ ਵਿਚ ਰਹਿ ਰਹੇ ਸਨ ਜਿਸ ਨੂੰ "ਇਕ ਸਮੇਂ ਦੀ ਮਾਣ ਵਾਲੀ ਅਤੇ ਸੰਪੰਨ ਸੱਭਿਅਤਾ ਦਾ ਸੱਭਿਆਚਾਰਕ ਕਬਰਿਸਤਾਨ" ਕਿਹਾ ਗਿਆ ਹੈ।[13] ਟਾਪੂ ਦੇ ਵਸਨੀਕਾਂ ਨੇ ਨਾਜਾਇਜ਼ ਪ੍ਰਤਿਸ਼ਠਾ ਇਕੱਤਰ ਕੀਤੀ ਸੀ। ਜਿਵੇਂ ਕੁਰਿੰਥੁਸ ਨੂੰ ਇਸ ਦੀ ਅਨੈਤਿਕਤਾ ਦੇ ਲਈ ਜਾਣਿਆ ਗਿਆ ਸੀ, ਉਸੇ ਤਰ੍ਹਾਂ ਕਰੇਤ ਨੂੰ ਇਸ ਦੇ ਬੇਈਮਾਨੀ ਦੇ ਲਈ ਜਾਣਿਆ ਗਿਆ ਸੀ। "ਕੁਰਿੰਥੁਸ ਬਣਨਾ" "ਕੁਰਿੰਥੀਆਂ ਦੇ ਵਰਗਾ ਚਰਿੱਤਰਹੀਣ ਜੀਵਨ ਜੀਉਣਾ ਸੀ," ਜਦ ਕਿ "ਕਰੇਤੀ ਬਣਨ" ਦਾ ਅਰਥ ਸੀ "ਕਰੇਤੀਆਂ ਵਰਗਾ ਬੋਲਣਾ" – ਅਰਥਾਤ "ਝੂਠ ਬੋਲਣਾ," "ਧੋਖਾ ਦੇਣਾ।"[14] ਉਨ੍ਹਾਂ ਦੇ ਆਪਣੇ ਕਵੀਆਂ ਵਿੱਚੋਂ ਐਪੀਮੈਨੀਸਡ ਨਾਂ ਦੇ ਇਕ ਕਵੀ ਨੇ ਲਿਖਿਆ, "ਕਰੇਤੀ ਸਦਾ ਝੂਠ ਮਾਰਨ ਵਾਲੇ ਅਤੇ ਬੁਰੇ ਦਰਿੰਦੇ ਅਤੇ ਆਲਸੀ ਪੇਟੂ ਹਨ" (1:12)। ਪਰਤੱਖ ਰੂਪ ਵਿਚ, ਇਹ ਵਰਣਨ ਹਾਲੇ ਵੀ ਟਾਪੂ ਦੇ ਬਹੁਤ ਸਾਰੇ ਵਾਸੀਆਂ ਤੇ ਲਾਗੂ ਹੁੰਦਾ ਸੀ।

ਕਰੇਤ ਨੂੰ ਅਸੀਂ "ਪਥਰੀਲੀ ਜ਼ਮੀਨ" ਦੀ ਸ਼ਰੇਣੀ ਵਿਚ ਰੱਖ ਸਕਦੇ ਹਾਂ (ਵੇਖੋ ਲੂਕਾ 8:6, 13); ਪਰ ਵਚਨ ਦਾ ਬੀਜ ਉੱਥੇ ਬੀਜਿਆ ਜਾ ਚੁੱਕਾ ਸੀ (ਵੇਖੋ ਲੂਕਾ 8:5, 11) ਅਤੇ ਮੰਡਲੀਆਂ ਟਾਪੂ ਦੇ ਨਗਰ ਨਗਰ ਵਿਚ ਸਥਿਤ ਸਨ (ਵੇਖੋ ਤੀਤੁਸ 1:5)। ਸਾਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਕਰੇਤ ਵਿਚ ਪਹਿਲੀ ਵਾਰ ਖੁਸ਼ਖ਼ਬਰੀ ਦਾ ਪਰਚਾਰ ਕਿਵੇਂ ਜਾਂ ਕਦੋਂ ਕੀਤਾ ਗਿਆ ਸੀ। ਕਰੇਤ ਦੇ ਯਹੂਦੀ ਲੋਕ ਪੰਤੇਕੁਸਤ ਦੇ ਦਿਨ ਯਰੂਸ਼ਲਮ ਵਿਚ ਮੌਜੂਦ ਸਨ (ਰਸੂਲਾਂ ਦੇ ਕਰਤੱਬ 2:11)। ਸ਼ਾਇਦ ਉਨ੍ਹਾਂ ਵਿੱਚੋਂ ਕਈਆਂ ਨੇ ਖੁਸ਼ਖ਼ਬਰੀ ਦਾ ਪਾਲਣ ਕੀਤਾ ਅਤੇ ਫਿਰ, ਜਦੋਂ ਮਸੀਹੀ ਲੋਕ ਖਿੰਡ ਗਏ ਸਨ (ਰਸੂਲਾਂ ਦੇ ਕਰਤੱਬ 8:1, 4), ਯਿਸੂ ਦੀ ਕਹਾਣੀ ਨਾਲ ਟਾਪੂ ਵੱਲ ਪਰਤ ਆਏ ਸਨ।

ਭਾਵੇਂ ਜੋ ਕੁਝ ਵੀ ਹੋਇਆ ਸੀ, ਪ੍ਰਭੂ ਦੀਆਂ ਮੰਡਲੀਆਂ (ਕਲੀਸੀਆਵਾਂ) ਟਾਪੂ ਤੇ ਰਹਿੰਦੀਆਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮੰਡਲੀਆਂ ਸ਼ਾਇਦ ਛੋਟੀਆਂ ਸਨ ਅਤੇ ਸਭ ਦੀਆਂ ਸਭ ਜੱਦੋ-ਜਹਿਦ ਕਰ ਰਹੀਆਂ ਸਨ। ਕਿਸੇ ਨਾ ਕਿਸੇ ਤਰ੍ਹਾਂ ਪੌਲੁਸ ਨੂੰ ਟਾਪੂ ਦੀਆਂ ਆਤਮਿਕ ਜਰੂਰਤਾਂ ਦੇ ਬਾਰੇ ਪਤਾ ਲੱਗਾ। ਜਦੋਂ ਉਹ ਕੈਦਖਾਨੇ ਵਿੱਚੋਂ ਰਿਹਾਅ ਹੋਇਆ, ਇਹ ਉਨ੍ਹਾਂ ਵਿੱਚੋਂ ਇਕ ਥਾਂ ਸੀ ਜਿੱਥੇ ਉਹ ਗਿਆ ਸੀ। ਜਦੋਂ ਉਹ ਉੱਥੋਂ ਗਿਆ, ਉਹ ਟਾਪੂ ਤੇ ਉਸ ਕੰਮ ਨੂੰ ਪੂਰਾ ਕਰਨ ਦੇ ਲਈ ਤੀਤੁਸ ਨੂੰ ਛੱਡ ਗਿਆ ਜੋ ਉਸ ਨੇ ਖੁਦ ਸ਼ੁਰੂ ਕੀਤਾ ਸੀ।

"ਕਿੱਥੇ" ਦੇ ਆਮ ਸਿਰਲੇਖ ਅਧੀਨ, ਅਸੀਂ ਇਹ ਵੀ ਪੁੱਛ ਸਕਦੇ ਹਾਂ ਕਿ ਪੌਲੁਸ ਕਿੱਥੇ ਸੀ ਜਦੋਂ ਉਸ ਨੇ ਤੀਤੁਸ ਨੂੰ ਇਹ ਪੱਤਰ ਲਿਖਿਆ। ਇਸ ਸਵਾਲ ਦਾ ਜਵਾਬ ਹੈ, "ਅਸੀਂ ਨਹੀਂ ਜਾਣਦੇ।" ਸ਼ਾਇਦ ਉਹ ਨਿਕੁਪੁਲਿਸ ਨੂੰ ਜਾ ਰਿਹਾ ਸੀ (3:12), ਪਰ ਉਸ ਦੀ ਸਹੀ ਥਾਂ ਬਾਰੇ ਕਈ ਤਰ੍ਹਾਂ ਦੇ ਕਿਆਸ ਲਗਾਏ ਜਾਂਦੇ ਹਨ: ਮਕਦੂਨਿਯਾ, ਅਫ਼ਸੁਸ ਅਤੇ ਕੁਰਿੰਥੁਸ ਵੀ। ਅਸੀਂ ਇਹ ਸਵਾਲ ਵੀ ਜੋੜ ਸਕਦੇ ਹਾਂ ਕਿ "ਕਦੋਂ?": ਇਹ ਪੱਤਰ ਕਦੋਂ ਲਿਖਿਆ ਗਿਆ ਸੀ? ਅਸੀਂ ਨਿਸ਼ਚਤ ਤੌਰ ਤੇ ਬਸ ਇਹ ਕਹਿ ਸਕਦੇ ਹਾਂ ਕਿ ਇਹ ਰੋਮ ਵਿਚ ਪੌਲੁਸ ਦੀ ਪਹਿਲੀ ਅਤੇ ਦੂਜੀ ਕੈਦ ਵਿਚਕਾਰ ਲਿਖਿਆ ਗਿਆ ਸੀ, ਸ਼ਾਇਦ ਉਸੇ ਸਮੇਂ ਦੌਰਾਨ ਜਦੋਂ 1 ਤਿਮੋਥਿਉਸ ਲਿਖਿਆ ਗਿਆ ਸੀ – 63 ਜਾਂ 64 ਈਸਵੀ ਵਿਚ।

# ਕਿਉਂ? ਅਤੇ ਕੀ?

ਪੌਲੁਸ ਨੇ ਤੀਤੁਸ ਨੂੰ "ਕਿਉਂ" ਪੱਤਰ ਲਿਖਿਆ? ਪੱਤਰ ਦਾ ਵਿਸ਼ਾ-ਵਸਤੂ "ਕੀ" ਹੈ? ਪੌਲੁਸ ਨੇ ਤੀਤੁਸ ਨੂੰ ਆਖਿਆ, "ਮੈਂ ਤੈਨੂੰ ਇਸ ਨਮਿੱਤ ਕਰੇਤ ਵਿੱਚ ਛੱਡਿਆ ਸੀ ਭਈ ਜਿਹੜੀਆਂ ਗੱਲਾਂ ਰਹਿ ਗਈਆਂ ਸਨ ਤੂੰ ਓਹਨਾਂ ਨੂੰ ਸੁਆਰੇਂ ਅਤੇ ਨਗਰ ਨਗਰ ਬਜ਼ੁਰਗ ਥਾਪ ਦੇਵੇਂ ਜਿਵੇਂ ਮੈਂ ਤੈਨੂੰ ਆਗਿਆ ਕੀਤੀ ਸੀ" (1:5)। ਅਧਿਆਇ 1 ਦਾ ਵਿਸ਼ਾ ਬਜ਼ੁਰਗਾਂ ਨੂੰ ਥਾਪਣਾ ਹੈ, ਜਦ ਕਿ ਅਧਿਆਇ 2 ਅਤੇ 3 ਦੂਜੀਆਂ ਗੱਲਾਂ ਨਾਲ ਸੰਬੰਧਤ ਹਨ ਜਿਨ੍ਹਾਂ ਨੂੰ "ਸੁਆਰਨ" ਦੀ ਲੋੜ ਸੀ। ਪੌਲੁਸ ਨੇ ਸ਼ਾਇਦ ਤੀਤੁਸ ਨੂੰ ਉਸ ਮੁਸ਼ਕਲ ਕੰਮ ਦੇ ਸੰਬੰਧ ਵਿਚ ਜਿਸ ਦਾ ਉਸ ਨੇ ਸਾਹਮਣਾ ਕੀਤਾ ਸੀ ਉਤਸ਼ਾਹਿਤ ਕਰਨ ਅਤੇ ਉਸ ਨੂੰ ਅਧਿਕਾਰਕ ਰਸੂਲੀ ਪੱਤਰ ਦੇਣ ਦੁਆਰਾ ਉਸ ਦਾ ਸਮਰਥਨ ਕਰਨ ਦੇ ਲਈ ਵੀ ਲਿਖਿਆ ਸੀ।

ਕਿਉਂਕਿ ਤੀਤੁਸ ਇਕ ਨਿੱਜੀ ਪੱਤਰ ਹੈ, ਇਸ ਦੇ ਵਿਚ ਘੱਟੋ-ਘੱਟ ਅੰਦਰੂਨੀ ਰਚਨਾ ਹੈ। ਕਈਆਂ ਨੇ ਸੁਝਾਅ ਦਿੱਤਾ ਹੈ ਕਿ ਅਧਿਆਇ 1 ਉਸ ਤੇ ਚੀਜ਼ ਤੇ ਕੇਂਦਰਿਤ ਹੈ ਜਿਸ ਦੀ ਕਲੀਸੀਆ ਵਿਚ ਘਾਟ ਸੀ, ਅਧਿਆਇ 2 ਉਸ ਚੀਜ਼ ਨੂੰ ਸੰਬੋਧਿਤ ਕਰਦਾ ਹੈ ਜਿਸ ਦੀ ਘਰ ਵਿਚ ਘਾਟ ਸੀ ਅਤੇ ਅਧਿਆਇ 3 ਉਸ ਚੀਜ਼ ਨਾਲ ਸੰਬੰਧ ਰੱਖਦਾ ਹੈ ਜਿਸ ਦੀ ਸਮਾਜ ਵਿਚ ਘਾਟ ਸੀ। ਪੁਸਤਕ ਦੇ ਲਈ ਹੇਠਾਂ ਦਿੱਤੀ ਗਈ ਰੂਪਰੇਖਾ[15] "ਜਿਹੜੀਆਂ ਗੱਲਾਂ ਰਹਿ ਗਈਆਂ ਹਨ ਉਨ੍ਹਾਂ ਨੂੰ ਸੁਆਰਣ" ਦੇ ਲਈ ਹਦਾਇਤ ਤੇ ਅਧਾਰਿਤ ਹੈ:

ਸਲਾਮ (1:1-4)

- I. ਮਜ਼ਬੂਤ ਆਗੂ ਨਿਯੁਕਤ ਕਰਕੇ ਚੀਜ਼ਾਂ ਨੂੰ ਸੁਆਰਨਾ (ਅਧਿਆਇ 1)।
  - A. ਮਨੁੱਖ ਜਿਹੜੇ ਮਜ਼ਬੂਤ ਮਸੀਹੀ ਪਤੀ ਅਤੇ ਪਿਤਾ ਹਨ ਉਨ੍ਹਾਂ ਨੂੰ ਐਲਡਰਾਂ ਦੇ ਰੂਪ ਵਿਚ ਚੁਣਿਆ ਜਾਣਾ ਚਾਹੀਦਾ ਹੈ (1:5-9) ।
  - B. ਮਨੁੱਖ ਜਿਹੜੇ ਝੂਠੇ ਉਪਦੇਸ਼ਕਾਂ ਨਾਲ ਨਜਿੱਠਣ ਦੇ ਯੋਗ ਹਨ ਉਨ੍ਹਾਂ ਨੂੰ ਐਲਡਰਾਂ ਦੇ ਰੂਪ ਵਿਚ ਚੁਣਿਆ ਜਾਣਾ ਚਾਹੀਦਾ ਹੈ (1:10-16; ਵੇਖੋ 3:9-11)।
- II. ਖਰੀ ਸਿੱਖਿਆ ਤੇ ਜ਼ੋਰ ਦੇ ਕੇ ਚੀਜ਼ਾਂ ਨੂੰ ਸੁਆਰਨਾ (ਅਧਿਆਇ 2)।
  - A. ਖਰੀ ਸਿੱਖਿਆ ਦਾ ਹੁਕਮ ਦਿੱਤਾ ਗਿਆ (2:1, 7, 8, 15)।
  - B. ਖਰੀ ਸਿੱਖਿਆ ਨੂੰ ਸਾਰੇ ਯੁੱਗਾਂ (2:2-8) ਅਤੇ ਨੌਕਰਾਂ (2:9, 10) ਤੇ ਲਾਗੂ ਕੀਤਾ ਗਿਆ।
  - C. ਖਰੀ ਸਿੱਖਿਆ ਦੀ ਵਿਆਖਿਆ ਕੀਤੀ ਗਈ (2:11-14)।
- III. ਸ਼ੁਭ ਕਰਮਾਂ ਦੇ ਲਈ ਉਤਸ਼ਾਹਿਤ ਕਰਕੇ ਚੀਜ਼ਾਂ ਨੂੰ ਸੁਆਰਨਾ (ਅਧਿਆਇ 3)।
  - A. ਸ਼ੁਭ ਕਰਮਾਂ ਦੀ ਲੋੜ (ਵੇਖੋ 1:16; 2:7, 14)।
    1. ਨਾਗਰਿਕਾਂ ਦੇ ਤੌਰ ਤੇ (3:1, 2)।
    2. ਖੁਸ਼ਖ਼ਬਰੀ ਪਰਚਾਰਕਾਂ ਦੇ ਤੌਰ ਤੇ (3:8, 14)।
  - B. ਸ਼ੁਭ ਕਰਮਾਂ ਦੇ ਲਈ ਪ੍ਰੇਰਣਾ: ਪਰਮੇਸ਼ੁਰ ਦਾ ਪ੍ਰੇਮ (3:3-8)।

ਸਮਾਪਤੀ ਟਿੱਪਣੀਆਂ (3:12-15)

ਵੈਰਨ ਡਬਲਿਯੂ. ਵਿਅਰਸਬੀ ਨੇ ਤੀਤੁਸ ਨੂੰ ਲਿਖੇ ਗਏ ਪੱਤਰ ਨੂੰ 1 ਤਿਮੋਥਿਉਸ ਦਾ "ਇਕ ਗੁੰਝਲਦਾਰ ਸੰਸਕਰਣ" ਆਖਿਆ ਸੀ।[16] ਦੋਵੇਂ ਪੱਤਰਾਂ ਵਿਚ ਬਹੁਤ ਸਾਰੇ ਇੱਕੋ ਜਿਹੇ ਵਿਸ਼ਿਆਂ ਤੇ ਹਦਾਇਤ ਹੈ:

ਐਲਡਰਾਂ ਦੀਆਂ ਯੋਗਤਾਵਾਂ
- 1 ਤਿਮੋਥਿਉਸ 3:1-7
- ਤੀਤੁਸ 1:5-9

ਚੰਗੀ ਸਿੱਖਿਆ ਦੀ ਲੋੜ
- 1 ਤਿਮੋਥਿਉਸ 1:10; 4:6; 6:3
- ਤੀਤੁਸ 1:9; 2:1

ਝੂਠੇ ਉਪਦੇਸ਼ਕ
- 1 ਤਿਮੋਥਿਉਸ 1:3-11; 4:1-5; 6:3-5
- ਤੀਤੁਸ 1:10-16; 3:9-11

ਵੱਖ-ਵੱਖ ਯੁਗ ਦੇ ਸਮੂਹਾਂ ਨਾਲ ਸੰਬੰਧਤ
- 1 ਤਿਮੋਥਿਉਸ 5:1, 2
- ਤੀਤੁਸ 2:2-6

ਚੰਗਾ ਨਮੂਨਾ ਬਣਨ ਦੀ ਲੋੜ
- 1 ਤਿਮੋਥਿਉਸ 4:12-16
- ਤੀਤੁਸ 2:6-8

ਗੁਲਾਮਾਂ ਦਾ ਚਾਲ-ਚਲਣ
- 1 ਤਿਮੋਥਿਉਸ 6:1, 2
- ਤੀਤੁਸ 2:9, 10

"ਵਿਸ਼ਵਾਸਯੋਗ" ਕਥਨ
- 1 ਤਿਮੋਥਿਉਸ 1:15; 3:1; 4:8, 9
- ਤੀਤੁਸ 3:4-8

1 ਤਿਮੋਥਿਉਸ ਅਤੇ ਤੀਤੁਸ ਵਿਚਕਾਰ ਇਕ ਫ਼ਰਕ ਇਹ ਹੈ ਕਿ ਤੀਤੁਸ ਦੇ ਪੱਤਰ ਦੇ ਅੰਤ ਵਿਚ ਨਿੱਜੀ ਟਿੱਪਣੀਆਂ ਸ਼ਾਮਲ ਕੀਤੀਆਂ ਗਈਆਂ ਹਨ ਪਰ ਤਿਮੋਥਿਉਸ ਨੂੰ ਲਿਖੇ ਪੌਲੁਸ ਦੇ ਪਹਿਲੇ ਪੱਤਰ ਵਿਚ ਇਨ੍ਹਾਂ ਦੀ ਘਾਟ ਹੈ। ਇਨ੍ਹਾਂ ਨਿੱਜੀ ਟਿੱਪਣੀਆਂ ਵਿਚ, ਸਾਨੂੰ ਇਸ ਪੱਤਰ ਨੂੰ ਲਿਖਣ ਦਾ ਇਕ ਹੋਰ ਕਾਰਣ ਮਿਲਦਾ ਹੈ: ਤੀਤੁਸ ਨੂੰ ਪੌਲੁਸ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦੇ ਰਹਿਣਾ (3:12, 13)।

ਪੁਸਤਕ ਦੇ ਵਿਸ਼ਾ-ਵਸਤੂ ਦੇ ਸੰਬੰਧ ਵਿਚ, ਅਸੀਂ ਇਹ ਕਹਿ ਸਕਦੇ ਹਾਂ ਕਿ ਤੀਤੁਸ ਵਿਚ ਡਾਕਟ੍ਰਿਨ ਨਾਲ ਸੰਬੰਧਤ ਨਵੇਂ ਨੇਮ ਦੇ ਦੋ ਵੱਡੇ ਹਵਾਲੇ ਹਨ:

> ਕਿਉਂ ਜੋ ਪਰਮੇਸ਼ੁਰ ਦੀ ਕਿਰਪਾ ਸਭਨਾਂ ਮਨੁੱਖਾਂ ਦੀ ਮੁਕਤੀ ਲਈ ਪਰਗਟ ਹੋਈ ਅਤੇ ਸਾਨੂੰ ਤਾੜਨਾ ਦਿੰਦੀ ਹੈ ਭਈ ਅਸੀਂ ਅਭਗਤੀ ਅਤੇ ਸੰਸਾਰੀ ਵਿਸ਼ਿਆਂ ਤੋਂ ਮਨ ਫੇਰ ਕੇ ਇਸ ਵਰਤਮਾਨ ਜੁੱਗ ਵਿੱਚ ਸੁਰਤ, ਧਰਮ ਅਤੇ ਭਗਤੀ ਨਾਲ ਉਮਰ ਬਤੀਤ ਕਰੀਏ ਅਤੇ ਉਸ ਸ਼ੁਭ ਆਸ ਦੀ ਅਤੇ ਆਪਣੇ ਮਹਾਂ ਪਰਮੇਸ਼ੁਰ ਅਤੇ ਮੁਕਤੀ ਦਾਤਾ ਯਿਸੂ ਮਸੀਹ ਦੇ ਤੇਜ ਦੇ ਪਰਗਟ ਹੋਣ ਦੀ ਉਡੀਕ ਰੱਖੀਏ। ਜਿਹ ਨੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ ਭਈ ਸਾਰੇ ਕੁਧਰਮ ਤੋਂ ਸਾਡਾ ਨਿਸਤਾਰਾ ਕਰੇ ਅਤੇ ਖਾਸ ਆਪਣੇ ਲਈ ਇੱਕ ਕੌਮ ਨੂੰ ਪਾਕ ਕਰੇ ਜੋ ਸ਼ੁਭ ਕਰਮਾਂ ਵਿੱਚ ਸਰਗਰਮ ਹੋਵੇ (2:11-14)।

ਕਿਉਂ ਜੋ ਪਹਿਲਾਂ ਤਾਂ ਅਸੀਂ ਵੀ ਨਦਾਨ, ਅਣਆਗਿਆਕਾਰ, ਧੋਖਾ ਖਾਣ ਵਾਲੇ, ਅਨੇਕ ਪਰਕਾਰ ਦੇ ਬੁਰਿਆਂ ਵਿਸ਼ਿਆਂ ਅਤੇ ਭੋਗ ਬਿਲਾਸਾਂ ਦੇ ਗੁਲਾਮ ਸਾਂ, ਬੁਰਿਆਈ ਅਤੇ ਖਾਰ ਵਿੱਚ ਉਮਰ ਭੋਗਦੇ ਸਾਂ, ਘਿਣਾਉਣੇ ਅਤੇ ਇੱਕ ਦੂਏ ਦੇ ਵੈਰੀ ਸਾਂ ਪਰ ਜਾਂ ਸਾਡੇ ਮੁਕਤੀ ਦਾਤਾ ਪਰਮੇਸ਼ੁਰ ਦੀ ਦਿਆਲਗੀ ਅਤੇ ਪ੍ਰੇਮ ਜੋ ਮਨੁੱਖਾਂ ਨਾਲ ਸੀ ਪਰਗਟ ਹੋਇਆ ਤਾਂ ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ। ਜਿਹ ਨੂੰ ਉਸ ਨੇ ਸਾਡੇ ਮੁਕਤੀ ਦਾਤਾ ਯਿਸੂ ਮਸੀਹ ਦੇ ਸੁਆਰਾ ਸਾਡੇ ਉੱਤੇ ਬਹੁਤ ਕਰਕੇ ਵਹਾ ਦਿੱਤਾ ਭਈ ਅਸੀਂ ਉਹ ਦੀ ਕਿਰਪਾ ਨਾਲ ਧਰਮੀ ਠਹਿਰ ਕੇ ਆਸ ਦੇ ਅਨੁਸਾਰ ਸਦੀਪਕ ਜੀਵਨ ਦੇ ਅਧਕਾਰੀ ਹੋਈਏ (3:3-7)।

ਤੀਤੁਸ ਨੂੰ ਲਿਖੇ ਗਏ ਪੱਤਰ ਬਾਰੇ ਜਿਹੜਾ ਮੁਢਲਾ ਤੱਥ ਸਾਨੂੰ ਸਮਝਣ ਦੀ ਲੋੜ ਹੈ ਉਹ ਇਹ ਹੈ ਕਿ ਇਹ ਬਹੁਤ ਵਿਹਾਰਕ ਹੈ। ਪੌਲੁਸ ਮਸੀਹੀ ਲੋਕਾਂ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਚੰਗੀ ਸਿੱਖਿਆ ਚੰਗੇ ਜੀਉਣ ਵਿਚ ਪਰਗਟ ਹੋਈ ਚਾਹੀਦੀ ਹੈ। ਉਸ ਨੇ ਤੀਤੁਸ ਨੂੰ ਇਹ ਨਸੀਹਤ ਦਿੱਤੀ ਕਿ "ਪਕਿਆਈ ਨਾਲ ਬੋਲਿਆ ਕਰ ਭਈ ਜਿਨ੍ਹਾਂ ਪਰਮੇਸ਼ੁਰ ਦੀ ਪਰਤੀਤ ਕੀਤੀ ਹੈ ਓਹ ਸ਼ੁਭ ਕਰਮ ਕਰਨ ਵਿੱਚ ਚਿੱਤ ਲਾਉਣ" (3:8)।

---

ਟਿੱਪਣੀਆਂ

[1]ਵਿਲੀਅਮ ਐਮ. ਰਾਮਸੇ, *ਸੇਂਟ ਪੌਲ ਦ ਟਰੈਵਲਰ ਐਂਡ ਦ ਰੋਮਨ ਸਿਟੀਜ਼ਨ* (ਲੰਡਨ: ਹੋਡਰ ਅਤੇ ਸਟੱਫਟਨ, 1897; ਦੂਜੀ ਛਾਪ, ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1962), 284. [2]ਗੈਰੀ ਡਬਲਿਯੂ. ਡੀਮਾਰੈਸਟ, *1, 2 ਥੈਸਾਲੋਨੀਅਨਜ਼, 1, 2 ਟਿਮੋਥੀ, ਟਾਈਟਸ,* ਦ ਕਮਿਊਨੀਕੇਟਰਜ਼ ਕਮੈਂਟਰੀ, ਜਿਲਦ 9 (ਵਾਕੋ, ਟੈਕਸਾਸ: ਵਰਡ ਬੁਕਸ, 1984), 297. [3]ਜੀਨ ਏ. ਗੈਟਜ਼, *ਏ ਪਰੋਫਾਈਲ ਫਾਰ ਏ ਕ੍ਰਿਸਚਨ ਲਾਈਫ਼ ਸਟਾਈਲ: ਏ ਸਟੱਡੀ ਆਫ਼ ਟਾਈਟਸ* (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਹਾਊਸ, 1978), 18. [4]ਜਦੋਂ ਪੌਲੁਸ ਅੰਤਾਕਿਯਾ ਤੋਂ ਯਰੂਸ਼ਲਮ ਨੂੰ ਗਿਆ (14:26-15:5), ਉਹ ਆਪਣੇ ਨਾਲ ਤੀਤੁਸ ਨੂੰ ਲੈ ਗਿਆ (ਗਲਾਤੀਆਂ 2:1-3)। [5]ਲੂਕਾ ਨੇ ਵੀ ਰਸੂਲਾਂ ਦੇ ਕਰਤੱਬ ਵਿਚ ਖੁਦ ਦਾ ਨਾਮ ਦੁਆਰਾ ਜ਼ਿਕਰ ਕਰਨ ਤੋਂ ਪਰਹੇਜ਼ ਕੀਤਾ ਸੀ, ਪਰ "ਅਸੀਂ" ਬੰਦਾਂ ਦੇ ਕਾਰਣ ਅਸੀਂ ਜਾਣਦੇ ਹਾਂ ਕਿ ਉਹ ਪੌਲੁਸ ਦੇ ਨਾਲ ਸੀ (ਉਦਾਹਰਣ ਦੇ ਲਈ, ਰਸੂਲਾਂ ਦੇ ਕਰਤੱਬ 16:9-13)। [6]ਇਨ੍ਹਾਂ ਸਮਾਰਕਾਂ ਦੀ ਵਰਤੋਂ ਈਸਟ-ਸਾਈਡ ਚਰਚ ਆਫ਼ ਕ੍ਰਾਈਸਟ, ਮਿਡਵੈਸਟ ਸਿਟੀ, ਓਕਲਾਹੋਮਾ ਵਿਚ ਅਵੈਂਜਲਿਸਟ (ਖੁਸ਼ਖ਼ਬਰੀ ਪਰਚਾਰਕ) ਡੇਲ ਹਾਰਟਮੈਨ ਦੁਆਰਾ ਕੀਤੀ ਗਈ ਹੈ। [7]ਬਹੁਤ ਸਾਰੇ ਲੋਕ ਸੋਚਦੇ ਹਨ ਕਿ ਗਲਾਤੀਆਂ 2 ਅਧਿਆਇ ਅਤੇ ਰਸੂਲਾਂ ਦੇ ਕਰਤੱਬ 15 ਅਧਿਆਇ ਇੱਕੋ ਜਿਹੀ ਘਟਨਾ ਦੇ ਬਾਰੇ ਦੱਸਦੇ ਹਨ। ਜੇਕਰ ਇੱਕੋ ਜਿਹੀ ਘਟਨਾ ਦੇ ਬਾਰੇ ਨਹੀਂ, ਤਾਂ ਇਹ ਸੰਬੰਧਤ ਘਟਨਾ ਦੇ ਬਾਰੇ ਦੱਸਦੇ ਹਨ। ਇਨ੍ਹਾਂ ਘਟਨਾਵਾਂ ਦੀ ਚਰਚਾ ਡੇਵਿਡ ਐਲ. ਰੋਪਰ ਦੀ ਪੁਸਤਕ, *ਐਕਟਸ 15-28*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸੀਆਰਕੀ, ਆਰਕੈਨਸਾਸ: ਰੀਸੋਰਸ ਪਬਲੀਕੇਸ਼ਨਜ਼, 2001), 1-2 ਵਿਚ ਕੀਤੀ ਗਈ ਹੈ। [8]ਵਿਲੀਅਮ ਹੈਂਡਰਿਕਸਨ, *ਇਕਸਪੋਜੀਸ਼ਨ ਆਫ਼ ਦ ਪਾਸਬਾਨਲ ਏਪਿਸਲਸ*, ਨਿਊ ਟੈਸਟਾਮੈਂਟ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1965), 37-38. [9]ਤੀਤੁਸ ਨੇ ਸ਼ਾਇਦ ਉਹ ਪੱਤਰ ਵੀ ਕੁਰਿੰਥੁਸ ਨੂੰ ਸੌਂਪਿਆ ਸੀ ਜਿਸ ਨੂੰ ਅਸੀਂ "1 ਕੁਰਿੰਥੀਆਂ" ਕਹਿੰਦੇ ਹਾਂ। [10]ਪੌਲੁਸ ਨੇ ਫਿਰ ਯਰੂਸ਼ਲਮ ਵਿਚ ਸੰਤਾਂ ਦੇ ਲਈ ਚੰਦਾ ਇਕੱਠਾ ਕਰਨ ਦੇ ਕੰਮ ਨੂੰ ਪੂਰਾ ਕਰਨ ਦੇ ਲਈ ਤੀਤੁਸ ਨੂੰ ਵਾਪਸ ਕੁਰਿੰਥੁਸ ਨੂੰ ਘੱਲ ਦਿੱਤਾ ਸੀ (2 ਕੁਰਿੰਥੀਆਂ 8:6, 16-24)। ਕੁਝ ਗੱਲਾਂ ਉਨ੍ਹਾਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੀਆਂ ਹਨ ਜਿਨ੍ਹਾਂ ਦਾ ਸੰਬੰਧ ਪੈਸੇ ਨਾਲ ਹੁੰਦਾ ਹੈ।

[11]ਵਿਲੀਅਮ ਬਾਰਕਲੇਅ, *ਦ ਲੈਟਰਜ਼ ਟੂ ਟਿਮੋਥੀ, ਟਾਈਟਸ, ਐਂਡ ਫਿਲੇਮੋਨ,* ਸੋਧਿਆ ਸੰਸਕਰਣ, ਦ ਡੇਲੀ ਸਟੱਡੀ ਬਾਈਬਲ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1975), 232. [12]ਯੂਸੇਬੀਉਸ *ਐਕਲੇਸੀਆਸਟੀਕਲ ਹਿਸਟਰੀ* 3.4.6. [13]ਡੇਲ ਹਾਰਟਮੈਨ ਦੁਆਰਾ 2005 ਵਿਚ ਈਸਟਸਾਈਡ ਚਰਚ ਆਫ਼ ਕ੍ਰਾਈਸਟ, ਮਿਡਵੈਸਟ ਸਿਟੀ, ਓਕਲਾਹੋਮਾ ਵਿਚ "ਤੀਤੁਸ ਦੇ ਲਈ 'ਨੌਕਰੀ ਦੇ ਵਿਵਰਣ'" ਬਾਰੇ ਪੇਸ਼ ਕੀਤਾ ਗਿਆ ਪਾਠ। [14]ਹੈਂਡਰਿਕਸਨ, 353. [15]ਪੌਲੁਸ ਦੇ ਤੀਤੁਸ ਦਾ ਲੇਖਕ ਹੋਣ ਸੰਬੰਧੀ, ਸਫ਼ੇ 4-9 ਤੇ *ਜਾਣ-ਪਛਾਣ* ਵੇਖੋ। [16]ਡੇਵਿਡ ਐਲ. ਰੋਪਰ ਦੀ ਪੁਸਤਕ *ਥਰੂ ਦ ਬਾਈਬਲ*

(ਡਿਲਾਈਟ, ਆਰਕਾਨਸਸ: ਗੌਸਪਲ ਲਾਈਟ ਪਬਲਿਸ਼ਿੰਗ ਕੰਪਨੀ, 1999) ਵਿੱਚੋਂ ਸਫ਼ੇ 253-54 ਤੋਂ ਲਿਆ ਗਿਆ।
[16]ਵੈਰਨ ਡਬਲਿਯੂ. ਵਿਅਰਸਬੀ, *ਦ ਬਾਈਬਲ ਇਕਸੋਪੋਜੀਸ਼ਨ ਕਮੈਂਟਰੀ: ਨਿਊ ਟੈਸਟਾਮੈਂਟ*, ਜਿਲਦ 2 (ਵੀਹਟਨ, ਇਲੀਨੋਇਸ: ਵਿਕਟਰ ਬੁਕਸ, 1989), 260.